# ਰਹਉ ਚਰਣਹ ਸੰਗਿ ਲਗਾ

## ਬਿਹਾਗੜਾ ਮਹਲਾ ੫ ਘਰੁ ੨

## ੴ ਸਤਿ ਨਾਮੁ ਗੁਰ ਪ੍ਰਸਾਦਿ ॥

ਇਹ ਸ਼ਬਦ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਬਿਹਾਗੜਾ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੫੪੪ ਤੇ ਸੁਭਾਇਮਾਨ ਹੈ। ਇਹ ਗੁਰੂ ਸਾਹਿਬ ਦੇ ਚੌਥੇ ਛੰਤ ਦਾ ਪਹਿਲਾ ਪਦਾ ਹੈ। ਇਸ ਨੂੰ ਦੂਜੇ ਘਰ ਵਿਚ ਗਾਉਣ ਦੀ ਹਦਾਇਤ ਹੈ। ਸ਼ਬਦ ਸ਼ੁਰੂ ਕਰਣ ਤੋਂ ਪਹਿਲਾਂ ਪਰਮੇਸ਼ਰ ਦੇ ਮੰਗਲ ਦੇ ਰੂਪ ਵਿਚ ਮੂਲ ਮੰਤਰ ਦਾ ਇਕ ਸੰਖਿਪਤ ਸਰੂਪ ਅੰਕਤ ਹੈ।

ਇਸ ਪਦੇ ਵਿਚ ਗੁਰੂ/ਪ੍ਰਭੂ ਪ੍ਰੇਮ ਦਾ ਸਿਖਰ ਹੈ। ਜੀਵ ਇਸਤਰੀ ਦੇ ਰੂਪ ਵਿਚ ਗੁਰੂ/ਪ੍ਰਭੂ ਦੇ ਸਦਾ ਲਈ ਚਰਨਾਂ ਦੇ ਪ੍ਰੇਮ ਵਿਚ ਜੁੜੇ ਰਹਿਣ ਦਾ ਤਰਲਾ, ਅਰਜੋਈ ਹੈ। ਅਗੋਂ ਗੁਰੂ ਦੇ ਵਡੇ ਹਿਰਦੇ ਬਾਰੇ ਦਸਿਆ ਹੈ ਕਿ ਉਸ ਨੇ ਵਲਵਲੇ ਨੂੰ ਸਵੀਕਾਰ ਕਰਦੇ ਹੋਏ, ਸਿਖ, ਜੀਵ ਇਸਤਰੀ ਨੂੰ ਪ੍ਰੇਮ ਨਾਲ ਬਾਂਹ ਤੋਂ ਖਿਚ ਕੇ ਆਪਣਾ ਬਣਾ ਲਿਆ।

**ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ ॥**
**ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ ॥**

-- ਜੇ ਕਈ ਰਾਣੀਆਂ ਦਾ ਰਾਜਾ, ਕਿਸੇ ਇਕ ਰਾਣੀ ਕੋਲ ਲੰਮੀ ਉਡੀਕ ਤੋਂ ਬਾਅਦ ਕਿਸੇ ਰਾਤ ਅਚਾਨਕ ਆ ਜਾਏ ਤਾਂ ਉਹ ਇਤਨੀ ਖ਼ੁਸ਼ ਹੁੰਦੀ ਹੈ, ਉਹ ਲੋਚਦੀ ਹੈ ਕਿ ਉਹ ਉਸ ਦੀ ਸੁਖ ਦੀ ਰਾਤ ਲੰਬੀ ਹੋ ਜਾਏ, ਕਿਉਂਕਿ ਉਸ ਨੂੰ ਆਪਣੇ ਪਿਆਰੇ ਪਤੀ ਨਾਲ ਪ੍ਰੇਮ ਕਰਨ ਦਾ ਮਸਾਂ ਹੀ ਮੌਕਾ ਮਿਲਿਆ ਹੈ ਜੋ ਜਲਦੀ ਖ਼ਤਮ ਨਾ ਹੋ ਜਾਏ।

ਇਸੇ ਤਰ੍ਹਾਂ ਜਦੋਂ ਕਿਸੇ ਸਿਖ ਕੋਲ ਉਸ ਦਾ ਪ੍ਰੀਤਮ ਗੁਰੂ ਪਹੁੰਚ ਜਾਏ ਤਾਂ ਉਸ ਨੂੰ ਵੀ ਚਾਅ ਚੜ੍ਹ ਜਾਂਦਾ ਹੈ, ਪ੍ਰੇਮ ਦਾ ਹਲੂਣਾ ਆ ਜਾਂਦਾ ਹੈ ਅਤੇ ਉਹ ਲੋਚਦਾ ਹੈ ਕਿ ਉਸ ਨੂੰ ਮਿਲੇ ਇਹ ਚਰਣ ਪਰਸਣ ਦੇ ਪਲ ਜਲਦੀ ਕਿਤੇ ਮੁਕ ਨਾ ਜਾਣ। ਉਹ ਖ਼ੁਸ਼ੀ ਉਸ ਅੰਦਰ ਨਹੀਂ ਸਮਾਉਂਦੀ। ਬਿਦਰ ਦਾ ਅਲੂਣਾ ਸਾਗ ਖੁਆ ਦੇਣਾ, ਬਿਦਰ ਦੀ ਘਰ ਵਾਲੀ ਦੇ, ਭਗਵਾਨ ਜੀ ਨੂੰ ਕੇਲੇ ਦੇ ਛਿਲੜ ਖੁਆ ਦੇਣੇ, ਸ਼ਬਰੀ ਵਲੋਂ ਬੇਰ ਜੂਠੇ ਕਰ ਕੇ ਛਕਾ ਦੇਣੇ, ਇਸੇ ਤਰ੍ਹਾਂ ਖ਼ੁਸ਼ੀ ਨਾ

ਸਮਾਣ ਦੀਆਂ ਮਿਸਾਲਾਂ ਹਨ। ਅਜਿਹੀਆਂ ਬੇਅੰਤ ਮਿਸਾਲਾਂ, ਗੁਰ ਇਤਿਹਾਸ ਵਿਚ ਵੀ ਮੌਜੂਦ ਹਨ। ਗੁਰੂ ਬਾਲਕ ਗੋਬਿੰਦ ਰਾਇ ਜੀ ਦਾ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਪੁਜਣ ਵਿਚ, ਰਸਤੇ ਤੇ ਲੰਮੇ ਪੜਾਵਾਂ ਕਰਕੇ, ਬਹੁਤ ਸਮਾਂ ਲਗ ਜਾਣਾ, ਇਸੇ ਤਰ੍ਹਾਂ ਦੀਆਂ ਮਿਸਾਲਾਂ ਹਨ।

-- ਘਰ ਆਏ ਰਾਜਾ ਪਤੀ ਕਰ ਕੇ ਉਸ ਰਾਣੀ ਦੀ ਤੀਬਰ ਇਛਾ ਹੁੰਦੀ ਹੈ ਕਿ ਉਸ ਨੂੰ ਨੀਂਦ ਨਾ ਆਏ ਤਾਂ ਕਿ ਉਹ ਉਸ ਦੇ ਪ੍ਰੀਤਮ ਪਤੀ ਦੇ ਪ੍ਰੇਮ ਦਾ ਵਧ ਤੋਂ ਵਧ ਸੁਖ ਮਾਣ ਸਕੇ। ਕਿਤੇ ਵਧ ਨੀਂਦ ਆਉਣ ਕਰ ਕੇ, ਮੁਸ਼ਕਿਲ ਨਾਲ ਮਿਲਿਆ ਮੌਕਾ ਖੁੰਝ ਨਾ ਜਾਏ।

ਗੁਰੂ ਨੂੰ ਮਿਲਣ ਤੇ ਸਿਖ ਦਾ ਮਨ ਲੋਚਦਾ ਹੈ ਕਿ ਨੀਂਦ ਦਾ ਦੁਖ ਉਸ ਨੂੰ ਨਾ ਸਤਾਏ ਅਤੇ ਉਹ ਸਾਰੀ ਰਾਤ ਆਪਣੇ ਪ੍ਰੀਤਮ ਪਿਆਰੇ ਦੇ ਚਰਣ ਪਰਸਦਾ ਰਹੇ। ਬੰਦਗੀ ਵਾਲਾ ਜਗਿਆਸੂ ਇਹ ਚਾਹੁੰਦਾ ਹੈ ਕਿ ਬੰਦਗੀ ਰਾਹੀਂ ਉਹ ਮਾਲਕ ਪ੍ਰਭੂ ਦੇ ਚਰਨਾਂ ਨਾਲ ਜੁੜਿਆ ਰਹੇ, ਨੀਂਦ ਕਰ ਕੇ ਬੰਦਗੀ ਨਾ ਟੁਟ ਜਾਏ। ਸ੍ਰੀ ਗੁਰੂ ਨਾਨਕ ਸਾਹਿਬ ਵੀ ਪ੍ਰੇਮ ਚੰਗਾ ਲਗਣ ਕਰ ਕੇ ਨੀਂਦ ਨੂੰ ਪਰ੍ਹਾਂ ਰਖਣ ਦੇ ਬੇਨਤੀ ਰੂਪ ਬਚਨ ਕਰਦੇ ਹਨ - 'ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ।।', ਪੰਨਾ ੨੪੩. ਪੰਚਮ ਪਾਤਸ਼ਾਹ ਵੀ ਪ੍ਰੇਮ ਮਾਣਨ ਦੇ ਰਾਹ ਵਿਚ ਆਲਸ ਰੂਪੀ ਰੁਕਾਵਟ ਨੂੰ ਦੂਰ ਕਰਨ ਦੇ ਬੇਨਤੀ ਰੂਪ ਬਚਨ ਕਰਦੇ ਹਨ ਤਾਂ ਕਿ ਆਪਣੇ ਪਿਆਰੇ ਪਤੀ ਦੇ ਮਿਲਾਪ ਨੂੰ ਮਾਣਿਆ ਜਾ ਸਕੇ - 'ਵੰਞੂ ਮੇਰੇ ਆਲਸਾ ਹਰਿ ਪਾਸਿ ਬੇਨੰਤੀ।। ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ।।', ਪੰਨਾ ੪੬੦.

ਅਜਿਹੇ ਪ੍ਰੇਮ ਹਲੂਣਿਆਂ ਨਾਲ ਅਧਿਆਤਮਕਤਾ ਦਾ ਇਤਿਹਾਸ ਭਰਿਆ ਪਿਆ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜਦੋਂ ਕੀਰਤਪੁਰ ਸਾਹਿਬ ਤੋਂ ਦਿਲੀ ਜਾ ਰਹੇ ਸਨ ਤਾਂ ਸੰਗਤਾਂ ਉਨ੍ਹਾਂ ਤੋਂ ਵਿਦਾ ਨਹੀਂ ਸਨ ਹੋਣਾ ਚਾਹੁੰਦੀਆਂ, ਉਮੜ ਉਮੜ ਕੇ ਆਉਂਦੀਆਂ ਸਨ, ਚਰਣ ਪਰਸਣ ਨੂੰ ਵਿਲਕਦੀਆਂ ਸਨ। ਅਖੀਰ ਗੁਰੂ ਸਾਹਿਬ ਨੂੰ ਇਕ ਲੀਕ ਖਿਚ ਕੇ ਸੰਗਤਾਂ ਨੂੰ ਵਿਦਾ ਕਰਨਾ ਪਿਆ ਸੀ। ਇਹ ਸਾਖੀ ਪੰਜੋਖੜਾ ਸਾਹਿਬ ਦੀ ਹੈ। ਸੰਗਤਾਂ ਦੀ ਇਕੋ ਇਕ ਚਾਹ ਸੀ ਕਿ 'ਪਰਸਉ ਸਦਾ ਪਗਾ।।' ਉਹ ਗੁਰੂ ਸਾਹਿਬ ਦੇ ਪਗ, ਚਰਨ ਪਰਸਦੇ ਰਹਿਣਾ ਚਾਹੁੰਦੇ ਸਨ, ਮਤਵਾਲੇ ਸਨ, ਗੁਰੂ ਚਰਨਾਂ ਦੇ। ਇਹੀ ਹਾਲ ਸੀ, ਗੋਪੀਆਂ ਦਾ, ਜਿਨ੍ਹਾਂ ਦੇ ਠਾਕੁਰ, ਸ੍ਰੀ ਕ੍ਰਿਸ਼ਨ ਜੀ ਸਨ। ਉਨ੍ਹਾਂ ਦਾ ਵੀ ਇਕੋ ਤਰਲਾ ਸੀ ਕਿ

'ਪਰਸਉ ਸਦਾ ਪਗਾ।।' ਭਗਤ ਕਬੀਰ ਜੀ ਉਨ੍ਹਾਂ ਦਾ ਵਲਵਲਾ ਬੜੇ ਸੁੰਦਰ ਸ਼ਬਦਾਂ ਵਿਚ ਪ੍ਰਗਟ ਕੀਤਾ ਹੈ ਜਦੋਂ ਗੋਪੀ, ਜਗਿਆਸੂ ਤਰਲਾ ਕਰਦੀ ਹੈ ਕਿ ਉਹ ਮਹਾਰਾਜ ਦਾ ਸਰੂਪ ਦੇਖ ਕੇ ਮੋਹਿਤ ਹੋ ਗਈ ਹੈ ਇਸ ਲਈ '**ਹੇ ਪ੍ਰਭੂ ! ਹੁਣ ਮੈਨੂੰ ਛਡ ਕੇ ਕਿਧਰੇ ਨਾ ਜਾਈਂ** ' - 'ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ।।', ਪੰਨਾ ੩੩੮. ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ ਸਿਖ ਦੇ ਗੁਰੂ ਲਈ ਇਸ ਵਲਵਲੇ ਨੂੰ ਸੁੰਦਰ ਸ਼ਬਦ ਬਖ਼ਸ਼ੇ ਹਨ - 'ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ।।', ਪੰਨਾ ੯੪. ਹੋਰ ਬਚਨ ਕਰਦੇ ਹਨ ਕਿ ਉਸ ਪ੍ਰੀਤਮ ਗੁਰੂ ਦੇ ਦਰਸ਼ਨ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ, ਮੇਰੇ ਅੰਦਰ ਵਾਹਗੁਰੂ ਨੇ ਅਜਿਹੀ ਬਿਰਹਾ ਪੈਦਾ ਕਰ ਦਿਤੀ ਹੈ - 'ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ।।', ਪੰਨਾ ੧੭੪.

ਹੋਰ ਸ਼ਬਦਾਂ ਵਿਚ ਜਗਿਆਸੂ ਜੀਵ ਦੀ ਜੋ ਪ੍ਰਭੂ ਪ੍ਰੇਮ ਦੀ ਅਵਸਥਾ ਬਣੀ ਹੁੰਦੀ ਹੈ, ਉਸ ਦਾ ਚਿਤ ਇਹੀ ਹੁੰਦਾ ਹੈ ਕਿ ਮੋਹ-ਮਾਇਆ, ਅਗਿਆਨਤਾ ਦੀ ਦੁਖਦਾਈ ਨੀਂਦ ਉਸ ਨੂੰ ਨਾਂ ਤੰਗ ਕਰੇ ਅਤੇ ਉਹ ਸਦਾ ਪ੍ਰਭੂ ਪ੍ਰੇਮ ਵਿਚ ਜੁੜਿਆ ਰਹੇ। ਰਿਖੀ ਸੁਕਦੇਵ ਦੀ ਮਾਤਾ ਦੇ ਗਰਭ ਦੇ ਅੰਦਰ ਹੀ, ਪ੍ਰਭੂ ਨਾਲ ਲਿਵ ਲਗੀ ਹੋਈ ਸੀ ਅਤੇ ਉਹ ਜਨਮ ਲੈ ਕੇ ਬਾਹਰ ਹੀ ਨਹੀਂ ਸੀ ਆਉਣਾ ਚਾਹੁੰਦਾ ਕਿ ਮਤਾਂ ਬਾਹਰ ਆਉਣ ਦੀ ਪ੍ਰਕਿਰਿਆ ਦੌਰਾਨ ਉਸ ਦੀ ਲਿਵ ਟੁਟ ਜਾਏ ਅਤੇ ਜਗਤ ਦੀ ਮਾਇਆ ਉਸ ਨੂੰ ਫ਼ਸਾ ਲਏ। ੧੨ ਸਾਲ ਮਾਤਾ ਦੇ ਗਰਭ ਵਿਚ ਹੀ ਰਹੇ। ਅਖੀਰ ਸ੍ਰੀ ਕ੍ਰਿਸ਼ਨ ਜੀ ਦੇ, ਮਾਇਆ ਦਾ ਪ੍ਰਭਾਉ ਨਾ ਪੈਣ ਦੇਣ ਦਾ ਬਚਨ ਦੇਣ ਤੇ ਹੀ ਜਨਮ ਲਿਆ।

ਰਾਤ ਦਾ ਸਮਾਂ ਅਧਿਆਤਮਵਾਦੀ ਲਈ ਬਹੁਤ ਕੀਮਤੀ ਹੁੰਦਾ ਹੈ। ਸ਼ੇਖ਼ ਫ਼ਰੀਦ ਜੀ ਵੀ ਰਾਤ ਨੂੰ ਬੰਦਗੀ ਕਰਨ ਲਈ ਉਪਦੇਸ਼ ਕਰਦੇ ਹਨ ਕਿ ਰਾਤ ਨੂੰ ਬੰਦਗੀ ਕਰਨ ਨਾਲ ਜੋ ਕਸਤੂਰੀ ਵਾਂਙ ਸਿਮਰਨ ਦੀ ਸੁਗੰਧੀ ਪ੍ਰਾਪਤ ਹੁੰਦੀ ਹੈ, ਉਹ ਸੁਤੇ ਰਹਿਣ ਨਾਲ ਨਹੀਂ ਮਿਲ ਸਕਦੀ - 'ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ।। ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ।।' ਪੰਨਾ ੧੩੮੨. ਹੋਰ ਫ਼ੁਰਮਾਣ ਕਰਦੇ ਹਨ ਕਿ ਰਾਤ ਵਾਲੇ ਪਹਿਰ ਵਿਚ ਬੰਦਗੀ, ਸਿਮਰਣ ਕਰਨਾ ਫ਼ੁਲ ਰੂਪ ਹੈ ਅਤੇ ਪਿਛਲੇ ਪਹਿਰ ਦਾ ਸਿਮਰਣ ਫ਼ਲ ਰੂਪ ਹੈ। ਜੋ ਮਨੁਖ ਜਾਗ ਕੇ ਇਹ ਅਭਿਆਸ ਕਰਦੇ ਹਨ, ਸਾਂਈਂ ਪ੍ਰਭੂ ਤੋਂ ਦਾਤ

ਪ੍ਰਾਪਤ ਕਰ ਲੈਂਦੇ ਹਨ - 'ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ।। ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ।।', ਪੰਨਾ ੧੩੮੪. ਰਾਤ ਦਾ ਜਾਗਣਾ ਕੁਝ ਕੁ ਮਨੁਖਾਂ ਲਈ ਜ਼ਰੂਰੀ ਹੁੰਦਾ ਹੈ, ਜਾਂ ਚੋਰੀ ਯਾਰੀ ਕਰਨ ਵਾਲਿਆਂ ਲਈ, ਜਾਂ ਸ਼ਰਾਬੀਆਂ ਜੁਆਰੀਆਂ ਲਈ, ਜਾਂ ਆਸ਼ਕਾਂ ਲਈ। ਆਮ ਵਿਅਕਤੀ ਰਾਤ ਨਹੀਂ ਜਾਗਦਾ। ਭਗਤਾਂ ਲਈ ਰਾਤ ਦਾ ਜਾਗਣਾ ਤਾਂ ਅਤਿ-ਜ਼ਰੂਰੀ ਹੈ, ਕਿਉਂਕਿ ਰਾਤ ਨੂੰ ਭਗਤੀ ਕਰਨ ਲਈ ਸ਼ਾਂਤ ਮਹੌਲ ਹੋਣ ਕਰ ਕੇ ਮਨ ਦੀ ਇਕਾਗਰਤਾ ਸੌਖੀ ਹੋ ਜਾਂਦੀ ਹੈ। ਜੋ ਮਨੁਖ ਪਿਛਲੀ ਰਾਤ ਉਠ ਕੇ ਸਿਮਰਣ ਨਹੀਂ ਕਰਦੇ ਉਹ ਜੀਊਂਦੇ ਵੀ ਮੁਇਆਂ ਵਰਗੇ ਹਨ। ਫ਼ਰੀਦ ਜੀ ਦਾ ਫ਼ੁਰਮਾਣ ਹੈ - 'ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।।', ਪੰਨਾ ੧੩੮੩.

**ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ।।**
**ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ ॥**

-- ਗੁਰੂ ਨੂੰ ਪ੍ਰੇਮ ਕਰਨ ਵਾਲੀ ਜੀਵ ਇਸਤਰੀ ਸਦਾ ਹੀ ਗੁਰੂ ਦੇ ਚਰਨਾਂ ਦੀ ਧੂੜ ਲੋਚਦੀ ਰਹਿੰਦੀ ਹੈ, ਮੰਗਦੀ ਹੈ। ਉਹ ਸਦਾ ਨਾਮ ਦਾ ਰਸ ਪ੍ਰਾਪਤ ਕਰਨ ਲਈ ਹੀ ਵੈਰਾਗਵਾਨ ਰਹਿੰਦੀ ਹੈ। ਇਸੇ ਲਈ ਹੀ ਉਹ ਸੰਸਾਰਕ ਮੋਹ-ਮਾਇਆ ਦੇ ਬੰਧਨਾਂ ਤੋਂ ਉਪਰਾਮ ਹੁੰਦੀ ਹੈ।

ਪੰਚਮ ਪਾਤਸ਼ਾਹ ਪ੍ਰਭੂ ਨੂੰ ਆਪਣੀ ਇਕ ਲੋਚਾ ਪੂਰੀ ਕਰਨ ਲਈ ਬੇਨਤੀ ਕਰਦੇ ਹਨ ਕਿ ਉਨ੍ਹਾਂ ਨੂੰ ਸੰਤ ਜਨਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੁੰਦੀ ਰਹੇ - 'ਕਹੁ ਨਾਨਕ ਪ੍ਰਭ ਲੋਚਾ ਪੂਰਿ।। ਸੰਤ ਜਨਾ ਕੀ ਬਾਛਉ ਧੂਰਿ।।', ਪੰਨਾ ੭੨੪, ਅਤੇ - 'ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ।।', ਪੰਨਾ ੯੨੭.

-- ਮੈਂ ਆਪਣੇ ਪਿਆਰੇ ਪ੍ਰੀਤਮ ਦੇ ਪ੍ਰੇਮ ਵਿਚ ਰੰਗੀ, ਮਸਤ, ਮਤਵਾਲੀ ਹੋਈ ਪਈ ਹਾਂ। ਹੁਣ ਮੈਂ ਉਹ ਮਾੜੀ ਮੱਤ ਤਿਆਗੀ ਰਖਾਂ ਜਿਸ ਕਰ ਕੇ ਮੇਰਾ, ਮੇਰੇ ਪਿਆਰੇ ਤੋਂ, ਮਿਲਾਪ ਟੁਟਦਾ ਹੈ।

ਪ੍ਰਭੂ ਤੋਂ ਉਹੀ ਮੱਤ ਮੰਗੀ ਹੈ ਜਿਸ ਨਾਲ ਉਸ ਨਾਲ ਜੋੜ ਬਣੇ, ਜਿਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ - 'ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ।।', ਪੰਨਾ ੬੭੭. ਮਾੜੀ ਮੱਤ ਤਿਆਗਣ ਨਾਲ ਹੀ ਮਿਲਾਪ ਰੂਪੀ

ਪਰਮਪਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰੂ ਦੀ ਕਿਰਪਾ ਮਿਲਦੀ ਹੈ ਜਿਸ ਨਾਲ ਪ੍ਰਭੂ ਧਿਆਨ ਵਿਚ ਵਸ ਜਾਂਦਾ ਹੈ - 'ਦੁਰਮਤਿ ਜਾਇ ਪਰਮਪਦੁ ਪਾਏ।। ਗੁਰ ਪਰਸਾਦੀ ਨਾਮੁ ਧਿਆਏ।।', ਪੰਨਾ ੭੩੭.

**ਗਹਿ ਭੁਜਾ ਲੀਨੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ ॥**
**ਬਿਨਵੰਤਿ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ ॥੧॥**

-- ਪ੍ਰੇਮ ਵਿਚ ਮੇਰੇ ਪਿਆਰੇ ਪ੍ਰੀਤਮ ਗੁਰੂ/ਪ੍ਰਭੂ ਪਤੀ ਨੇ ਬਾਹੋਂ ਫ਼ੜ ਕੇ ਮੈਨੂੰ ਆਪਣੇ ਨਾਲ ਲਾ ਲਿਆ ਹੈ, ਜਿਸ ਨਾਲ ਮੈਂ ਉਸਦੇ ਪ੍ਰੇਮ ਵਿਭੋਰ ਹੋ ਗਈ ਹਾਂ, ਪ੍ਰੇਮ ਵਿਚ ਗਹਿ-ਗੱਚ ਹੋ ਗਈ ਹਾਂ, ਮਸਤ ਹੋ ਗਈ ਹਾਂ। ਇਹੀ ਗੁਰੂ ਦੇ ਪ੍ਰੇਮ ਦਾ ਸਚਾ ਮਾਰਗ ਹੈ।

ਇਸੇ ਅਵਸਥਾ ਬਾਰੇ ਪਾਤਸ਼ਾਹ ਦੇ ਬਚਨ ਹਨ ਕਿ ਮੇਰੇ ਪ੍ਰੀਤਮ ਨੇ ਮੈਨੂੰ ਬਾਹੋ ਫ਼ੜ ਕੇ ਆਪਣੀ ਸੇਜ ਤੇ ਲੈ ਆਂਦਾ। ਹੇ ਸਖੀ ਸੁਣ ! ਮੇਰੇ ਕੰਤ ਨੇ ਮੇਰਾ ਖਸਮਾਨਾ ਕੀਤਾ, ਮੇਰਾ ਖਸਮ ਬਣ ਗਿਆ - 'ਬਾਹ ਪਕਰਿ ਪ੍ਰਿਅ ਸੇਜੈ ਆਨੀ।। ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ।।', ਪੰਨਾ ੩੭੨. ਪੰਨਾ ੭੦੪ ਤੇ ਵੀ ਬਚਨ ਕੀਤੇ ਹਨ ਕਿ ਮੇਰੇ ਠਾਕੁਰ ਨੇ ਮੇਰੇ ਤੇ ਕਿਰਪਾ ਕੀਤੀ ਹੈ ਕਿ ਮੇਰੇ ਗੁਣ ਅਉਗੁਣ ਵੀਚਾਰੇ ਬਿਨਾ, ਮੈਨੂੰ ਬਾਂਹ ਤੋਂ ਫ਼ੜ ਕੇ ਖਿਚ ਕੇ ਮੈਨੂੰ ਆਪਣਾ ਬਣਾ ਲਿਆ ਹੈ - 'ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ।।'

-- ਪੰਜਵੇਂ ਨਾਨਕ, ਜੀਵ ਇਸਤਰੀ ਵਲੋਂ ਗੁਰੂ/ਪ੍ਰਭੂ ਨੂੰ ਬੇਨਤੀ ਕਰਦੇ ਹਨ ਕਿ ਮੇਰੇ ਤੇ ਸਦਾ ਕਿਰਪਾ ਬਣਾਈ ਰਖਣਾ ਕਿ ਮੈਂ ਸਦਾ ਤੁਹਾਡੇ ਚਰਨਾਂ ਨਾਲ ਲਗੀ ਰਹਾਂ।

ਪਾਤਸ਼ਾਹ ਨੇ ਆਪਣੇ ਗੁਰੂ ਪ੍ਰੀਤਮ ਤੋਂ ਕਦੇ ਨਾ ਵਿਛੜਨ ਦੀ ਅਰਜੋਈ ਲਈ ਹੋਰ ਸੁੰਦਰ ਸ਼ਬਦ ਵਰਤੇ ਹਨ - 'ਸੇਵਿ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ।।', ਪੰਨਾ ੯੭. ਹੇ ਪ੍ਰਭੂ ! ਮੇਲ ਹੋ ਜਾਣ ਤੋਂ ਬਾਅਦ ਹੁਣ ਤੇਰੇ ਬਿਨਾਂ ਮੇਰੇ ਪ੍ਰਾਣ ਕਿਥੇ ਠਹਿਰ ਸਕਦੇ ਹਨ - 'ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ।।', ਪੰਨਾ ੧੧੨੨.

ਸਾਰੇ ਸ਼ਬਦ ਵਿਚ ਗੁਰੂ ਪਿਆਰੇ ਪ੍ਰੀਤਮ ਨਾਲ ਪ੍ਰੇਮ ਤੇ ਮਿਲਾਪ ਦੀ ਅਵਸਥਾ ਦਸੀ ਗਈ ਹੈ।